Australian Government
Services Australia

PUNJABI

# Australian Government Disaster Recovery Payment

**Australian Government Disaster Recovery Payment (AGDRP) ਤੁਹਾਡੀ ਮਦਦ ਕਰਨ ਲਈ ਇਕ-ਮੁਸ਼ਤ ਭੁਗਤਾਨ ਹੈ ਜੇਕਰ ਤੁਸੀਂ ਕਿਸੇ ਐਲਾਨੀ ਗਈ ਆਫ਼ਤ ਤੋਂ ਜ਼ਿਕਰਯੋਗ ਤੌਰ 'ਤੇ ਪ੍ਰਭਾਵਿਤ ਹੁੰਦੇ ਹੋ। ਇਹ ਮਾਮੂਲੀ ਨੁਕਸਾਨ ਜਾਂ ਅਸੁਵਿਧਾ ਲਈ ਨਹੀਂ ਹੈ।**

## ਤੁਸੀਂ ਕਿੰਨਾ ਪ੍ਰਾਪਤ ਕਰ ਸਕਦੇ ਹੋ

ਜੇ ਤੁਸੀਂ ਯੋਗ ਹੋ ਤਾਂ ਤੁਸੀਂ ਇਹ ਪ੍ਰਾਪਤ ਕਰੋਗੇ:

- $1,000 ਪ੍ਰਤੀ ਬਾਲਗ
- 16 ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਵਾਸਤੇ $400

## ਇਸ ਨੂੰ ਕੌਣ ਪ੍ਰਾਪਤ ਕਰ ਸਕਦਾ ਹੈ

AGDRP ਪ੍ਰਾਪਤ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ:

- ਆਸਟ੍ਰੇਲੀਆ ਦਾ ਵਸਨੀਕ ਜਾਂ ਤੁਹਾਡੇ ਕੋਲ ਕੋਈ ਯੋਗ ਵੀਜ਼ਾ ਹੋਣਾ ਚਾਹੀਦਾ ਹੈ
- ਆਫ਼ਤ ਦੇ ਸਮੇਂ 16 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਹੋ ਜਾਂ ਕੋਈ ਸਮਾਜਕ ਸੁਰੱਖਿਆ ਭੁਗਤਾਨ ਪ੍ਰਾਪਤ ਕਰ ਰਹੇ ਹੋ
- ਸਥਾਨਕ ਸਰਕਾਰ ਖੇਤਰ (LGA) ਦੀਆਂ ਯੋਗਤਾ ਲੋੜਾਂ ਦੀ ਪੂਰਤੀ ਕਰਦੇ ਹੋ।

ਕਿਸੇ ਐਲਾਨੀ ਗਈ ਆਫ਼ਤ ਨਾਲ ਤੁਹਾਡੇ 'ਤੇ ਜ਼ਰੂਰ ਬੁਰਾ ਪ੍ਰਭਾਵ ਪਿਆ ਹੋਣਾ ਚਾਹੀਦਾ ਹੈ। ਉਦਾਹਰਣ ਵਜੋਂ:

- ਤੁਸੀਂ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸੀ
- ਤੁਸੀਂ ਕਿਸੇ ਆਸਟ੍ਰੇਲੀਆ ਦੇ ਨਾਗਰਿਕ ਜਾਂ ਵਸਨੀਕ ਦੇ ਨਜ਼ਦੀਕੀ ਪਰਿਵਾਰ ਦੇ ਜੀਅ ਹੋ ਜਿਸ ਦੀ ਮੌਤ ਹੋ ਗਈ ਸੀ ਜਾਂ ਗੁੰਮ ਹੋ ਗਿਆ ਸੀ
- ਆਫ਼ਤ ਨੇ ਤੁਹਾਡੀ ਰਿਹਾਇਸ਼ ਵਾਲੀ ਮੁੱਖ ਜਗ੍ਹਾ ਨੂੰ ਨਸ਼ਟ ਕਰ ਦਿੱਤਾ ਹੈ ਜਾਂ ਇਸ ਨੂੰ ਲਾਜ਼ਮੀ ਤੌਰ 'ਤੇ ਢਾਹੁਣਾ ਪੈਣਾ ਹੈ
- ਤੁਹਾਡੀ ਰਿਹਾਇਸ਼ ਵਾਲੀ ਮੁੱਖ ਜਗ੍ਹਾ ਦੇ ਅੰਦਰੂਨੀ ਹਿੱਸੇ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ
- ਆਫ਼ਤ ਨੇ ਤੁਹਾਡੀ ਰਿਹਾਇਸ਼ ਵਾਲੀ ਮੁੱਖ ਜਗ੍ਹਾ ਦੇ ਅੰਦਰੂਨੀ ਹਿੱਸੇ ਨੂੰ ਕੁਦਰਤੀ ਤੱਤਾਂ ਦੇ ਸਾਹਮਣੇ ਨੰਗਾ ਕਰ ਦਿੱਤਾ ਹੈ
- ਤੁਹਾਡੀ ਰਿਹਾਇਸ਼ ਵਾਲੀ ਮੁੱਖ ਜਗ੍ਹਾ ਨੂੰ ਢਾਂਚਾਗਤ ਤੌਰ 'ਤੇ ਖਰਾਬ ਐਲਾਨ ਕਰ ਦਿੱਤਾ ਗਿਆ ਹੈ
- ਗੰਦੇ ਪਾਣੀ (ਸੀਵਰੇਜ) ਨੇ ਤੁਹਾਡੀ ਰਿਹਾਇਸ਼ ਦੇ ਅੰਦਰੂਨੀ ਹਿੱਸੇ ਨੂੰ ਦੂਸ਼ਿਤ ਕਰ ਦਿੱਤਾ ਹੈ
- ਆਫ਼ਤ ਨੇ ਕਿਸੇ ਵੱਡੀ ਸੰਪਤੀ ਜਾਂ ਸੰਪਤੀਆਂ ਨੂੰ ਨਸ਼ਟ ਕਰ ਦਿੱਤਾ ਹੈ ਜਾਂ ਨੁਕਸਾਨ ਪਹੁੰਚਾਇਆ ਹੈ ਜਿੰਨ੍ਹਾਂ ਦੇ ਤੁਸੀਂ ਆਪਣੇ ਨਿਵਾਸ ਸਥਾਨ 'ਤੇ ਮਾਲਕ ਹੋ
- ਤੁਸੀਂ ਕਿਸੇ ਨਿਰਭਰ ਬੱਚੇ ਦੇ ਮੁੱਖ ਸੰਭਾਲ ਕਰਤਾ ਹੋ ਜਿਸ ਨੇ ਉਪਰੋਕਤ ਵਿੱਚੋਂ ਕਿਸੇ ਦਾ ਵੀ ਅਨੁਭਵ ਕੀਤਾ ਹੈ।

## ਪਰਿਭਾਸ਼ਾਵਾਂ

- ਤੁਹਾਡੀ ਰਿਹਾਇਸ਼ ਵਾਲੀ ਮੁੱਖ ਜਗ੍ਹਾ ਉਹ ਮੁੱਖ ਸਥਾਨ ਹੈ ਜਿੱਥੇ ਤੁਹਾਡੇ ਕੋਲ ਆਮ ਤੌਰ 'ਤੇ ਰਹਿਣ ਦਾ ਅਧਿਕਾਰ ਜਾਂ ਲਾਇਸੰਸ ਹੁੰਦਾ ਹੈ। ਇਸ ਵਿੱਚ ਛੁੱਟੀਆਂ ਬਿਤਾਉਣ ਵਾਲੇ ਵਾਲੇ ਘਰ ਜਾਂ ਨਿਵੇਸ਼ ਵਾਲੀਆਂ ਜਾਇਦਾਦਾਂ ਸ਼ਾਮਲ ਨਹੀਂ ਹਨ।
- ਵੱਡੀ ਸੰਪਤੀ ਇਕ ਸੰਪਤੀ ਜਾਂ ਸੰਪਤੀਆਂ ਹੁੰਦੀਆਂ ਹਨ, ਜਿਸ ਦਾ ਸੰਯੁਕਤ ਬਾਜ਼ਾਰੀ ਮੁੱਲ $20,000 ਜਾਂ ਵੱਧ ਹੁੰਦਾ ਹੈ। ਉਦਾਹਰਣ ਵਜੋਂ, ਇਸ ਵਿੱਚ ਇਮਾਰਤਾਂ, ਗੱਡੀਆਂ, ਕੈਰਾਵੈਨਾਂ, ਪਾਣੀ ਦੀਆਂ ਟੈਂਕੀਆਂ ਜਾਂ ਵੱਡੇ ਪੈਮਾਨੇ ਦੀ ਮਸ਼ੀਨਰੀ ਸ਼ਾਮਲ ਹੈ।

- ਜੇ ਬੱਚਾ ਤੁਹਾਡੇ ਉੱਤੇ ਨਿਰਭਰ ਹੈ ਅਤੇ 16 ਸਾਲਾਂ ਦਾ ਨਹੀਂ ਹੋਇਆ ਤਾਂ ਤੁਸੀਂ ਕਿਸੇ ਬੱਚੇ ਦੇ ਮੁੱਖ ਸੰਭਾਲ ਕਰਤਾ ਹੋ। ਬੱਚੇ ਦੀ ਦਿਨ-ਪ੍ਰਤੀ-ਦਿਨ ਦੀ ਸੰਭਾਲ, ਭਲਾਈ ਅਤੇ ਵਿਕਾਸ ਵਾਸਤੇ ਮੁੱਖ ਸੰਭਾਲ ਕਰਤਾ ਦੀ ਲਾਜ਼ਮੀ ਤੌਰ 'ਤੇ ਕਾਨੂੰਨੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।

# ਦਾਅਵਾ ਕਿਵੇਂ ਕਰਨਾ ਹੈ

ਦਾਅਵਾ ਕਰਨ ਦਾ ਸਭ ਤੋਂ ਤੇਜ਼ ਤਰੀਕਾ ਔਨਲਾਈਨ ਹੈ। ਜੇਕਰ ਤੁਹਾਡੇ ਕੋਲ ਅਜੇ ਤੱਕ ਕੋਈ ਖਾਤਾ ਨਹੀਂ ਹੈ ਤਾਂ ਤੁਹਾਨੂੰ myGov ਖਾਤਾ ਸਥਾਪਤ ਕਰਨ ਅਤੇ Centrelink ਨਾਲ ਲਿੰਕ ਕਰਨ ਦੀ ਲੋੜ ਪਵੇਗੀ।

**servicesaustralia.gov.au/mygovguides** ਉੱਤੇ ਜਾਓ
ਜੇ ਤੁਹਾਨੂੰ ਦਾਅਵਾ ਕਰਨ ਵਿੱਚ ਮਦਦ ਚਾਹੀਦੀ ਹੈ, ਤਾਂ ਤੁਸੀਂ **180 22 66** ਨੂੰ ਫ਼ੋਨ ਕਰ ਸਕਦੇ ਹੋ। ਫ਼ੋਨ ਲਾਈਨ ਸੋਮਵਾਰ ਤੋਂ ਸ਼ੁੱਕਰਵਾਰ ਤੱਕ, ਸਥਾਨਕ ਸਮੇਂ ਅਨੁਸਾਰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ। ਤੁਸੀਂ ਦੁਭਾਸ਼ੀਏ ਬਾਰੇ ਪੁੱਛ ਸਕਦੇ ਹੋ ਅਤੇ ਅਸੀਂ ਮੁਫ਼ਤ ਵਿੱਚ ਦੁਭਾਸ਼ੀਏ ਦਾ ਬੰਦੋਬਸਤ ਕਰਾਂਗੇ।
ਜੇ ਤੁਸੀਂ ਜੋੜੇ ਦੇ ਮੈਂਬਰ ਹੋ, ਤਾਂ ਤੁਸੀਂ ਦੋਵੇਂ ਇਸ ਭੁਗਤਾਨ ਦਾ ਦਾਅਵਾ ਕਰ ਸਕਦੇ ਹੋ। ਤੁਹਾਨੂੰ ਅਤੇ ਤੁਹਾਡੇ ਸਾਥੀ ਨੂੰ ਲਾਜ਼ਮੀ ਤੌਰ 'ਤੇ ਵੱਖਰੇ ਦਾਅਵੇ ਕਰਨੇ ਚਾਹੀਦੇ ਹਨ।
ਵਧੇਰੇ ਜਾਣਕਾਰੀ ਲਈ **servicesaustralia.gov.au/disaster** ਉੱਤੇ ਜਾਓ। ਇਸ ਵਿੱਚ ਸ਼ਾਮਲ ਹਨ:

- ਦਾਅਵਾ ਕਰਨ ਦੀਆਂ ਚੋਣਾਂ
- ਯੋਗ LGAs
- ਸਾਡੀਆਂ ਸੇਵਾਵਾਂ ਤੱਕ ਪਹੁੰਚ ਕਿਵੇਂ ਕਰਨੀ ਹੈ।

# ਹੋਰ ਜਾਣਕਾਰੀ ਲਈ

- ਅੰਗਰੇਜ਼ੀ ਵਿੱਚ ਵਧੇਰੇ ਜਾਣਕਾਰੀ ਲਈ **servicesaustralia.gov.au/disaster** 'ਤੇ ਜਾਓ
- **servicesaustralia.gov.au/yourlanguage** ਉੱਤੇ ਜਾਓ ਜਿੱਥੇ ਤੁਸੀਂ ਆਪਣੀ ਭਾਸ਼ਾ ਵਿੱਚ ਪੜ੍ਹ ਸਕਦੇ ਹੋ, ਸੁਣ ਸਕਦੇ ਹੋ ਜਾਂ ਜਾਣਕਾਰੀ ਵੇਖ ਸਕਦੇ ਹੋ
- Centrelink ਦੇ ਭੁਗਤਾਨਾਂ ਅਤੇ ਸੇਵਾਵਾਂ ਬਾਰੇ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ **131 202** ਨੂੰ ਫ਼ੋਨ ਕਰੋ
- ਕਿਸੇ ਸੇਵਾ ਕੇਂਦਰ ਵਿੱਚ ਜਾਓ।

**ਨੋਟ:** ਤੁਹਾਡੇ ਘਰ ਵਾਲੇ ਫ਼ੋਨ ਤੋਂ ਆਸਟ੍ਰੇਲੀਆ ਵਿੱਚ ਕਿਤੇ ਵੀ '13' ਨੰਬਰਾਂ ਤੱਕ ਕੀਤੀਆਂ ਕਾਲਾਂ ਵਾਸਤੇ ਇਕ ਨਿਸ਼ਚਿਤ ਦਰ ਉੱਤੇ ਲਾਗਤ ਲਈ ਜਾਂਦੀ ਹੈ। ਇਹ ਦਰ ਸਥਾਨਕ ਫੋਨ ਦੀ ਕੀਮਤ ਤੋਂ ਵੱਖਰੀ ਹੋ ਸਕਦੀ ਹੈ ਅਤੇ ਟੈਲੀਫੋਨ ਸੇਵਾ ਪ੍ਰਦਾਤਿਆਂ ਦੇ ਵਿਚਕਾਰ ਵੀ ਵੱਖ-ਵੱਖ ਹੋ ਸਕਦੀ ਹੈ। ਤੁਹਾਡੇ ਘਰ ਦੇ ਫ਼ੋਨ ਤੋਂ '1800' ਨੰਬਰਾਂ ਨੂੰ ਕੀਤੀਆਂ ਕਾਲਾਂ ਮੁਫਤ ਹਨ। ਜਨਤਕ ਅਤੇ ਮੋਬਾਈਲ ਫੋਨਾਂ ਤੋਂ ਕੀਤੀਆਂ ਕਾਲਾਂ ਦਾ ਸਮਾਂ ਮਾਪਿਆ ਜਾ ਸਕਦਾ ਹੈ ਅਤੇ ਉੱਚੀ ਦਰ 'ਤੇ ਫ਼ੀਸ ਲਈ ਜਾ ਸਕਦੀ ਹੈ।

# ਬੇਦਾਅਵਾ

ਇਸ ਪ੍ਰਕਾਸ਼ਨ ਵਿੱਚ ਸ਼ਾਮਲ ਜਾਣਕਾਰੀ ਦਾ ਉਦੇਸ਼ ਕੇਵਲ ਭੁਗਤਾਨਾਂ ਅਤੇ ਸੇਵਾਵਾਂ ਲਈ ਇਕ ਗਾਈਡ ਵਜੋਂ ਹੈ। ਇਹ ਫੈਸਲਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਕੀ ਤੁਸੀਂ ਭੁਗਤਾਨ ਲਈ ਅਰਜ਼ੀ ਦੇਣਾ ਚਾਹੁੰਦੇ ਹੋ ਅਤੇ ਆਪਣੇ ਵਿਸ਼ੇਸ਼ ਹਾਲਾਤਾਂ ਦੇ ਸਬੰਧ ਵਿੱਚ ਅਰਜ਼ੀ ਦੇਣਾ ਚਾਹੁੰਦੇ ਹੋ।

Australian Government
Services Australia

ENGLISH

# Australian Government Disaster Recovery Payment

**The Australian Government Disaster Recovery Payment (AGDRP) is a one-off payment to help you if you are significantly affected by a declared disaster. It is not for minor damage or inconvenience.**

## How much you can get

If you are eligible you will get:

- $1,000 per adult
- $400 for each child younger than 16.

## Who can get it

To get AGDRP you must:

- be an Australian resident or hold an eligible visa
- be 16 years or older at the time of the disaster or getting a social security payment
- meet Local Government Area (LGA) eligibility requirements.

You must have been adversely affected by a declared disaster. For example:

- you were seriously injured
- you are the immediate family member of an Australian citizen or resident who died or is missing
- the disaster destroyed your principal place of residence or it must be demolished
- there has been major damage to the interior of your principal place of residence
- the disaster has exposed the interior of your principal place of residence to the elements
- your principal place of residence has been declared structurally unsound
- sewage has contaminated the interior of your residence
- the disaster has destroyed or damaged a major asset or assets you own at your principal place of residence
- you are the principal carer of a dependent child who has experienced any of the above.

## Definitions

- Your principal place of residence is the main place where you have a right or license to normally live. It doesn't include holiday homes or investment properties.
- A major asset is an asset or assets with a combined market value of $20,000 or more. For example, this includes buildings, vehicles, caravans, water tanks or large scale machinery.
- You are a principal carer of a child if the child is your dependent and has not turned 16. The principal carer must have legal responsibility for the day-to-day care, welfare and development of the child.

## How to claim

The fastest way to claim is online. You will need to set up a myGov account and link to Centrelink if you do not have one yet. Go to **servicesaustralia.gov.au/mygovguides**

If you need help with claiming, you can call **180 22 66**. The phone line is open Monday to Friday, from 8 am to 5 pm local time. You can ask for an interpreter and we will arrange one for free.

If you are a member of a couple, you can both claim this payment. You and your partner must make separate claims.

Go to **servicesaustralia.gov.au/disaster** for more information. This includes:

- claiming options
- eligible LGAs
- how to access our services.

## For more information

- go to **servicesaustralia.gov.au/disaster** for more information in English
- go to **servicesaustralia.gov.au/yourlanguage** where you can read, listen to or watch information in your language
- call **131 202** to speak with us in your language about Centrelink payments and services
- visit a service centre.

**Note:** calls from your home phone to '13' numbers from anywhere in Australia are charged at a fixed rate. That rate may vary from the price of a local call and may also vary between telephone service providers. Calls to '1800' numbers from your home phone are free. Calls from public and mobile phones may be timed and charged at a higher rate.

## Disclaimer

The information contained in this publication is intended only as a guide to payments and services. It is your responsibility to decide if you wish to apply for a payment and to make an application with regard to your particular circumstances.